**ਐਵਰੀ ਸਟੂਡੈਂਟ ਸਕਸੀਡਸ ਐਕਟ (ESSA)** ਨੂੰ 10 ਦਸੰਬਰ 2015 ਨੂੰ ਦਸਤਖਤ ਕਰਕੇ ਕਾਨੂੰਨ ਵਿੱਚ ਬਦਲਿਆ ਗਿਆ ਸੀ, ਅਤੇ ਇਹ 1965 ਦੇ ਐਲੀਮੈਂਟਰੀ ਐਂਡ ਸੈਕੰਡਰੀ ਐਜੂਕੇਸ਼ਨ ਐਕਟ (ESEA)ਨੂੰ ਮੁੜ-ਅਧਿਕਾਰ ਦਿੰਦਾ ਹੈ। ESSA ਉਸ ਕੰਮ ਨੂੰ ਅੱਗੇ ਵਧਾਉਂਦਾ ਹੈ ਜਿਸ ਨੂੰ ਸੂਬੇ, ਲੋਕਲ ਐਜੂਕੇਸ਼ਨਲ ਏਜੰਸੀਆਂ (LEAs), ਸਕੂਲ ਡਿਸਟ੍ਰਿਕਟਾਂ, ਚਾਰਟਰ ਸਕੂਲਾਂ, ਟ੍ਰਾਇਬਲ ਸਕੂਲਾਂ, ਅਤੇ ਸਕੂਲਾਂ ਨੇ ਪਿਛਲੇ ਕੁਝ ਸਾਲਾਂ ਦੌਰਾਨ ਲਾਗੂ ਕੀਤਾ ਹੈ। ਮੁੜ ਤੋਂ ਅਧਿਕਾਰ ਦੇਣ ਵਾਲਾ ਕਾਨੂੰਨ ਵਿਦਿਆਰਥੀਆਂ ਲਈ ਉੱਤਮਤਾ ਅਤੇ ਸਮਾਨਤਾ ਨੂੰ ਤਰਜੀਹ ਦਿੰਦਾ ਹੈ ਅਤੇ ਇਹ ਵਧੀਆ ਅਧਿਆਪਕਾਂ ਦੀ ਸਹਾਇਤਾ ਕਰਦਾ ਹੈ। ESSA ਦੇ ਹਿੱਸੇ ਵੱਜੋਂ, LEA ਅਤੇ ਸਕੂਲਾਂ ਨੂੰ ਲਾਜ਼ਮੀ ਤੌਰ 'ਤੇ ਮਾਪਿਆਂ ਨੂੰ ਅੱਗੇ ਦਿੱਤੀ ਜਾਣਕਾਰੀ ਮੁਹੱਈਆ ਕਰਨੀ ਚਾਹੀਦੀ ਹੈ:

1. ਵਿਅਕਤੀਗਤ ਰਿਪੋਰਟ ਕਾਰਡ ਜੋ ਤੁਹਾਨੂੰ ਇਹ ਦੱਸਦੇ ਹਨ ਕਿ ਤੁਹਾਡਾ ਬੱਚਾ ਕਿਵੇਂ ਪ੍ਰਗਤੀ ਕਰ ਰਿਹਾ ਹੈ
2. ਅਧਿਆਪਕਾਂ ਅਤੇ ਪੜ੍ਹਾਈ ਸਬੰਧੀ ਅਰਧ-ਪੇਸ਼ਾਵਰਾਂ ਦੀਆਂ ਪੇਸ਼ਾਵਰ ਯੋਗਤਾਵਾਂ।
3. ਸੂਚਨਾ ਕਿ ਵਿਦਿਆਰਥੀ ਦੇ ਅਧਿਆਪਕ ਕੋਲ ਸੂਬੇ ਦਾ ਸੀਮਿਤ ਪ੍ਰਮਾਣੀਕਰਣ/ਲਾਇਸੈਂਸ ਹੈ।
4. ਰਾਜ ਦੇ ਅਤੇ ਸਥਾਨਕ ਮੁਲਾਂਕਣਾਂ ਬਾਰੇ ਜਾਣਕਾਰੀ।
5. ਮੁਲਾਂਕਣਾਂ ਬਾਰੇ ਸੂਬੇ ਜਾਂ LEA ਨੀਤੀ-ਵਿਦਿਆਰਥੀ ਦੀ ਭਾਗੀਦਾਰੀ।

ਹਰੇਕ ਵਿਦਿਆਰਥੀ ਲਈ ਰਿਪੋਰਟ ਕਾਰਡ

ਤੁਹਾਡੇ ਕੋਲ ਇਹ ਜਾਣਨ ਦਾ ਅਧਿਕਾਰ ਹੈ ਕਿ ਤੁਹਾਡਾ ਬੱਚਾ ਕਿੰਨੀ ਚੰਗੀ ਤਰ੍ਹਾਂ ਨਾਲ ਤਰੱਕੀ ਕਰ ਰਿਹਾ ਹੈ। ਟਾਈਟਲ I, ਪਾਰਟ A ਪ੍ਰੋਗਰਾਮ ਚਲਾਉਣ ਵਾਲੇ ਸਕੂਲਾਂ ਨੂੰ ਲਾਜ਼ਮੀ ਤੌਰ 'ਤੇ ਹਰੇਕ ਵਿਦਿਆਰਥੀ ਲਈ ਰਿਪੋਰਟ ਕਾਰਡ ਤਿਆਰ ਕਰਨਾ ਚਾਹੀਦਾ ਹੈ ਜੋ ਇਹ ਦੱਸੇ ਕਿ ਉਸ ਵਿਦਿਆਰਥੀ ਨੇ ਘੱਟੋ-ਘੱਟ ਰੀਡਿੰਗ, ਇੰਗਲਿਸ਼ ਲੈਂਗਵੇਜ਼ ਆਰਟਸ ਅਤੇ ਮੈਥੇਮੈਟਿਕਸ ਵਿੱਚ ਸੂਬੇ ਦੇ ਮੁਲਾਂਕਣ 'ਤੇ ਕਿੰਨੇ ਵਧੀਆ ਅੰਕ ਲਏ ਹਨ।



**ਟਾਈਟਲ I, ਪਾਰਟ A ਪ੍ਰੋਗਰਾਮ** LEAs ਅਤੇ ਸਕੂਲਾਂ ਨੂੰ ਅਜਿਹੀਆਂ ਸੇਵਾਵਾਂ ਅਤੇ ਦਖਲ ਪੇਸ਼ ਕਰਨ ਦਿੰਦਾ ਹੈ ਜੋ ਸੰਘਰਸ਼ ਕਰ ਰਹੇ ਵਿਦਿਆਰਥੀਆਂ ਦੀ ਸਹਾਇਤਾ ਕਰਦੇ ਹਨ। ਟਾਈਟਲ I, ਪਾਰਟ A ਪ੍ਰੋਗਰਾਮ, ESSA ਦੁਆਰਾ ਚਲਾਏ ਜਾਂਦੇ ਬਹੁਤ ਸਾਰੇ ਪ੍ਰੋਗਰਾਮਾਂ ਵਿੱਚੋਂ ਇੱਕ ਹੈ। ਦੋ ਤਰ੍ਹਾਂ ਦੇ ਪ੍ਰੋਗਰਾਮ ਹਨ ਜਿਹਨਾਂ ਵਾਸਤੇ ਸਕੂਲ ਟਾਈਟਲ I, ਪਾਰਟ A ਜ਼ਰੀਏ ਮਾਲੀ ਸਹਾਇਤਾ ਦੇ ਸਕਦਾ ਹੈ,- ਸਕੂਲ-ਵਿਆਪੀ ਅਤੇ ਟੀਚਾ-ਬੱਧ ਸਹਾਇਤਾ।

- ਸਕੂਲ-ਵਿਆਪੀ ਦਾ ਅਰਥ ਹੈ ਕਿ ਸਾਰੇ ਵਿਦਿਆਰਥੀ—ਅਕਾਦਮਿਕ ਲੋੜਾਂ ਦੇ ਆਧਾਰ 'ਤੇ—ਵਧੀਕ ਪੜ੍ਹਾਈ ਕਰਨ ਲਈ ਯੋਗ ਹਨ ਜਿਸ ਲਈ ਇਹ ਸੰਘੀ ਪ੍ਰੋਗਰਾਮ ਮਾਲੀ ਸਹਾਇਤਾ ਦੇਵੇਗਾ।
- ਟੀਚਾ-ਬੱਧ ਸਹਾਇਤਾ ਇਹੀ ਬੈਨੀਫਿਟ ਮੁਹੱਈਆ ਕਰਨਾ ਸੰਭਵ ਬਣਾਉਂਦੀ ਹੈ ਪਰ ਸਿਰਫ ਅਕਾਦਮਿਕ ਲੋੜਾਂ ਦੇ ਆਧਾਰ 'ਤੇ ਚੋਣਵੇਂ ਵਿਦਿਆਰਥੀਆਂ ਲਈ।

**ਸਾਡੇ ਨਾਲ ਸੰਪਰਕ ਕਰੋ**


ਟਾਈਟਲ I, ਭਾਗ A ਆਫਿਸ
360-725-6100

Office of Superintendent of Public Instruction
Old Capitol Building
PO Box 47200
Olympia, WA  98504-7200

ਟਾਈਟਲ I, ਭਾਗ A ਔਨਲਾਈਨ
**www.k12.wa.us/TitleI/default**

ਯੂ.ਐਸ. ਡਿਪਾਰਟਮੈਂਟ ਆਫ ਐਜੂਕੇਸ਼ਨ
1-800-USA-LEARN (872-5327)



OSPI ਲਿੰਗ, ਨਸਲ, ਪੰਥ, ਧਰਮ, ਰੰਗ, ਰਾਸ਼ਟਰੀ ਮੂਲ, ਉਮਰ, ਸਤਿਕਾਰ ਨਾਲ ਡਿਸਚਾਰਜ ਕੀਤਾ ਸਾਬਕਾ ਫੌਜੀ ਦਾ ਜਾਂ ਮਿਲਟਰੀ ਦਾ ਦਰਜਾ, ਪਛਾਣ ਸਮੇਤ ਜਿਨਸੀ ਦਿਲਚਸਪੀ ਲਿੰਗੀ ਪ੍ਰਗਟਾਅ, ਕਿਸੇ ਵੀ ਸੰਵੇਦੀ, ਮਾਨਸਿਕ ਜਾਂ ਸਰੀਰਕ ਅਸਮਰਥਾ ਦੀ ਮੌਜੂਦਗੀ, ਜਾਂ ਅਸਮਰਥਾ ਵਾਲੇ ਵਿਅਕਤੀ ਦੁਆਰਾ ਸਿਖਲਾਈ ਪ੍ਰਾਪਤ ਕੁੱਤਾ ਗਾਈਡ ਜਾਂ ਸੇਵਾ ਜਾਨਵਰ ਦੀ ਵਰਤੋਂ ਦੇ ਅਧਾਰ 'ਤੇ ਕਿਸੇ ਵਿਤਕਰੇ ਦੇ ਬਿਨਾਂ ਸਾਰੇ ਪ੍ਰੋਗਰਾਮਾਂ ਅਤੇ ਸੇਵਾਵਾਂ ਤਕ ਬਰਾਬਰ ਪਹੁੰਚ ਮੁਹੱਈਆ ਕਰਦਾ ਹੈ। ਕਥਿਤ ਵਿਤਕਰੇ ਬਾਰੇ ਪ੍ਰਸ਼ਨ ਜਾਂ ਸ਼ਿਕਾਇਤਾਂ ਇਕਵੈਲਿਟੀ ਐਂਡ ਸਿਵਿਲ ਰਾਈਟਸ ਡਾਇਰੈਕਟਰ ਨੂੰ (360)725-6162 'ਤੇ ਜਾਂ ਇਸ ਪਤੇ 'ਤੇ ਭੇਜੀਆਂ ਜਾਣੀਆਂ ਚਾਹੀਦੀਆਂ ਹਨ: P.O. Box 47200 Olympia, WA 98504-7200.


## ਮਾਤਾ-ਪਿਤਾ/ਸਰਪ੍ਰਸਤ

# ਸੂਚਨਾ ਦਾ ਅਧਿਕਾਰ

## ਟਾਈਟਲ I, ਭਾਗ A ਪ੍ਰੋਗਰਾਮ



**ਆਫ਼ਿਸ ਆਫ਼ ਸੁਪਰਨਿਟੇਨਡੇਂਟ ਆਫ਼ ਪਬਲਕਿ ਇਨਸਟ੍ਰਕਸ਼ਨ, ਟਾਈਟਲ I/LAP ਡਿਪਾਰਟਮੈਂਟ**

# ਤੁਹਾਡਾ ਜਾਣਨ ਦਾ ਅਧਿਕਾਰ

## ਅਧਿਆਪਕਾਂ ਅਤੇ ਪੈਰਾਐਜੂਕੇਟਰਾਂ ਦੀ ਪੇਸ਼ੇਵਰ ਯੋਗਤਾ

ਟਾਈਟਲ I, ਪਾਰਟ A ਸਕੂਲਾਂ ਵਿੱਚ ਜਾਣ ਵਾਲੇ ਬੱਚਿਆਂ ਦੇ ਮਾਪਿਆਂ ਨੂੰ ਵਿਦਿਆਰਥੀਆਂ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਅਤੇ ਅਰਧ-ਪੇਸ਼ੇਵਰਾਂ ਦੀਆਂ ਯੋਗਤਾਵਾਂ ਬਾਰੇ ਜਾਣਕਾਰੀ ਮੰਗਣ ਅਤੇ ਇਸ ਨੂੰ ਪ੍ਰਾਪਤ ਕਰਨ ਦਾ ਅਧਿਕਾਰ ਹੁੰਦਾ ਹੈ।

## ਅਧਿਆਪਕ ਦੀਆਂ ਯੋਗਤਾਵਾਂ

ਅਧਿਆਪਕਾਂ ਲਈ, ਤੁਹਾਨੂੰ ਦਿੱਤੀ ਗਈ ਜਾਣਕਾਰੀ ਵਿੱਚ ਘੱਟੋ-ਘੱਟ ਕਿਸੇ ਅਧਿਆਪਕ ਦੀਆਂ ਯੋਗਤਾਵਾਂ ਦੇ ਇਹਨਾਂ ਜ਼ਰੂਰੀ ਅੰਸ਼ਾਂ ਦੀ ਵਿਆਖਿਆ ਜ਼ਰੂਰ ਕਰਨੀ ਚਾਹੀਦੀ ਹੈ। ਕੀ ਵਿਦਿਆਰਥੀ -

- ✓ ਦੇ ਅਧਿਆਪਕ ਨੇ ਉਹਨਾਂ ਗ੍ਰੇਡ ਪੱਧਰਾਂ ਅਤੇ ਵਿਸ਼ਾ ਖੇਤਰਾਂ, ਜਿਨ੍ਹਾਂ ਵਿੱਚ ਅਧਿਆਪਕ ਪੜਾਉਂਦਾ ਹੈ, ਲਈ ਸੂਬੇ ਦੀ ਯੋਗਤਾ ਅਤੇ ਲਾਇਸੈਂਸ ਲੈਣ ਦੇ ਮਾਪਦੰਡ ਨੂੰ ਪੂਰਾ ਕੀਤਾ ਹੈ।
- ✓ ਦਾ ਅਧਿਆਪਕ ਐਮਰਜੈਂਸੀ ਜਾਂ ਹੋਰ ਪ੍ਰੋਵਿਜ਼ਨਲ ਔਹਦੇ ਤਹਿਤ ਪੜ੍ਹਾ ਰਿਹਾ ਹੈ ਜਿਸ ਦੇ ਮਾਧਿਅਮ ਨਾਲ ਸੂਬੇ ਦੀ ਯੋਗਤਾ ਜਾਂ ਲਾਇਸੈਂਸ ਲੈਣ ਦੇ ਮਾਪਦੰਡ ਤੋਂ ਛੋਟ ਦਿੱਤੀ ਗਈ ਹੈ।
- ✓ ਦਾ ਅਧਿਆਪਕ, ਅਧਿਆਪਕ ਦੇ ਪ੍ਰਮਾਣੀਕਰਨ ਵਾਲੇ ਵਿਸ਼ਾ ਖੇਤਰ ਵਿੱਚ ਪੜ੍ਹਾ ਰਿਹਾ ਹੈ।

## ਪੈਰਾਐਜੂਕੇਟਰਾਂ ਦੀਆਂ ਯੋਗਤਾਵਾਂ

ਟਾਈਟਲ I, ਪਾਰਟ A ਪ੍ਰੋਗ੍ਰਾਮ ਵਿੱਚ, ਅਰਧ-ਪੇਸ਼ੇਵਰਾਂ ਨੂੰ ਲਾਜ਼ਮੀ ਤੌਰ 'ਤੇ ਕਿਸੇ ਪ੍ਰਮਾਣੀਕ੍ਰਿਤ ਅਧਿਆਪਕ ਦੀ ਨਿਗਰਾਨੀ ਹੇਠ ਕੰਮ ਕਰਨਾ ਚਾਹੀਦਾ ਹੈ। ਸਕੂਲ-ਵਿਆਪੀ ਪ੍ਰੋਗਰਾਮ ਚਲਾਉਣ ਵਾਲੇ ਸਕੂਲਾਂ ਵਿੱਚ, ਸਾਰੇ ਪੈਰਾਐਜੂਕੇਟਰਾਂ ਨੂੰ ਲਾਜ਼ਮੀ ਤੌਰ 'ਤੇ ਪੇਸ਼ੇਵਰ ਯੋਗਤਾਵਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ। ਟੀਚੇ ਵਾਲੇ ਸਹਾਇਤਾ ਪ੍ਰੋਗ੍ਰਾਮ ਵਿੱਚ, ਪ੍ਰਮਾਣੀਕ੍ਰਿਤ ਅਧਿਆਪਕ ਦੀ ਸਿੱਧੀ ਨਿਗਰਾਨੀ ਹੇਠ ਰਹਿਣ ਵਾਲੇ ਕਿਸੇ ਵੀ ਪੈਰਾਐਜੂਕੇਟਰ ਨੂੰ ਲਾਜ਼ਮੀ ਤੌਰ 'ਤੇ ਪੇਸ਼ੇਵਰ ਯੋਗਤਾਵਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ।

ਟਾਈਟਲ I, ਪਾਰਟ A ਪ੍ਰੋਗ੍ਰਾਮ ਦੀਆਂ ਲੋੜਾਂ ਪੂਰੀਆਂ ਕਰਨ ਲਈ, ਪੈਰਾਐਜੂਕੇਟਰਾਂ ਦੇ ਕੋਲ ਹਾਈ ਸਕੂਲ ਡਿਪਲੋਮਾ ਜਾਂ GED ਜ਼ਰੂਰ ਹੋਣਾ ਚਾਹੀਦਾ ਹੈ ਅਤੇ ਇਹ ਜ਼ਰੂਰੀ ਹੈ ਕਿ ਉਹਨਾਂ ਨੇ:

- ✓ ਕਿਸੇ ਉੱਚ ਸਿੱਖਿਆ ਦੀ ਸੰਸਥਾ ਵਿੱਚ ਘੱਟੋ-ਘੱਟ ਦੋ ਸਾਲ ਦੀ ਪੜ੍ਹਾਈ ਪੂਰੀ ਕੀਤੀ ਹੋਏ; ਜਾਂਸਹਾਇਕ ਦੀ ਜਾਂ ਉੱਚ ਡਿਗਰੀ ਹਾਸਲ ਕੀਤੀ ਹੋਵੇ; ਜਾਂ
- ✓ ਜਾਂਸਹਾਇਕ ਦੀ ਜਾਂ ਉੱਚ ਡਿਗਰੀ ਹਾਸਲ ਕੀਤੀ ਹੋਵੇ; ਜਾਂ
- ✓ ETS ParaPro ਮੁਲਾਂਕਣ ਪਾਸ ਕੀਤਾ ਹੋਵੇ। ਮੁਲਾਂਕਣ ਪਠਨ, ਲਿਖਾਈ, ਅਤੇ ਗਣਿਤ ਸਬੰਧੀ ਹੁਨਰਾਂ ਅਤੇ ਵਿਸ਼ੇ ਸਬੰਧੀ ਜਾਣਕਾਰੀ ਦੀ ਪੈਮਾਇਸ਼ ਕਰਦਾ ਹੈ;
- ✓ ਪਹਿਲਾਂ ਮੁਕੰਮਲ ਕੀਤੀਆਂ ਸਿਖਲਾਈ ਜ਼ਰੂਰਤਾਂ ਅਤੇ ਲਾਜ਼ਮੀ ਤੌਰ 'ਤੇ ਜਰਨੀ ਕਾਰਡ ਜਾਂ ਸਰਟੀਫਿਕੇਟ ਪੇਸ਼ ਕਰਨਾ ਚਾਹੀਦਾ ਹੈ। ਹੁਣ ਪੋਰਟਫੋਲੀਓ ਅਤੇ ਅਪ੍ਰੈਂਟਿਸਸ਼ਿਪਾਂ ਨੂੰ ਦਾਖਲੇ ਲਈ ਪੇਸ਼ ਨਹੀਂ ਕੀਤਾ ਜਾਂਦਾ; ਪਰ ਆਫ਼ਿਸ ਆਫ ਸੁਪਰਿਨਟੈਂਡੈਂਟ ਆਫ਼ ਪਬਲਿਕ ਇੰਸਟਰਕਸ਼ਨ ((OSPI) ਇਸ ਰਸਤੇ 'ਤੇ ਚਲਣਾ ਜਾਰੀ ਰੱਖੇਗਾ।

## ਸੂਚਨਾ ਜੇ ਦਿਆਰਥੀ ਦੇ ਅਧਿਆਪਕ ਕੋਲWA ਸੂਬੇ ਦੇ ਪ੍ਰਮਾਣੀਕਰਣ/ਲਾਇਸੈਂਸ ਸਬੰਧੀ ਸੀਮਿਤ ਲੋੜਾਂ ਹਨ

ਮਾਪਿਆਂ ਨੂੰ ਸਮਾਂਬੱਧ ਤਰੀਕੇ ਨਾਲ ਨੋਟਿਸ ਮਿਲਣਾ ਚਾਹੀਦਾ ਹੈ ਕਿ ਉਹਨਾਂ ਦੇ ਬੱਚੇ ਨੂੰ ਅਜਿਹਾ ਅਧਿਆਪਕ ਨਿਯੁਕਤ ਕੀਤਾ ਗਿਆ ਹੈ, ਜਾਂ ਲਗਾਤਾਰ ਚਾਰ ਹਫ਼ਤਿਆਂ ਤੋਂ ਵੱਧ ਲਈ ਅਜਿਹੇ ਅਧਿਆਪਕ ਦੁਆਰਾ ਪੜ੍ਹਾਇਆ ਗਿਆ ਹੈ ਜਿਸ ਕੋਲ ਸੀਮਿਤ ਰਾਜ ਦਾ ਪ੍ਰਮਾਣੀਕਰਣ/ਲਾਇਸੈਂਸ ਹੈ। ਅਧਿਆਪਕ ਅਤੇ ਪੜ੍ਹਾਈ ਸਬੰਧੀ ਅਰਧ-ਪੇਸ਼ਾਵਰ ਦੀਆਂ ਲੋੜਾਂ ਬਾਰੇ ਵਧੇਰੇ ਜਾਣਕਾਰੀ ਔਨਲਾਈਨ ਇਸ ਵੈੱਬਸਾਈਟ ਤੇ ਲਵੋ:

ਪ੍ਰੋਫੈਸ਼ਨਲ ਐਜੂਕੇਸ਼ਨਲ ਸਟੈਂਡਰਡਸ ਬੋਰਡ (PESB) www.pesb.wa.gov ਜਾਂ
ਟਾਈਟਲ II, ਪਾਰਟ A–ਅਧਿਆਪਕ ਅਤੇ ਪ੍ਰਿੰਸੀਪਲ ਕੁਆਲਿਟੀ: www.k12.wa.us/TitleIIA

## ਸੂਬੇ ਦੇ ਅਤੇ ਸਥਾਨਕ ਮੁਲਾਂਕਣਾਂ ਬਾਰੇ ਜਾਣਕਾਰੀ

ਮਾਪਿਆਂ ਨੂੰ ਰਾਜ ਅਤੇ ਡਿਸਟ੍ਰਿਕਟ ਦੁਆਰਾ ਲੋੜੀਂਦੇ ਹਰੇਕ ਮੁਲਾਂਕਣ ਬਾਰੇ ਜਾਣਕਾਰੀ ਜ਼ਰੂਰ ਮਿਲਣੀ ਚਾਹੀਦੀ ਹੈ। ਇਸ ਜਾਣਕਾਰੀ ਵਿੱਚ ਲਾਜ਼ਮੀ ਤੌਰ 'ਤੇ ਇਹ ਸ਼ਾਮਲ ਹੋਣਾ ਚਾਹੀਦਾ ਹੈ:

1. ਮੁਲਾਂਕਣ ਕੀਤਾ ਗਿਆ ਵਿਸ਼ਾ ਵਸਤੂ।
2. ਮੁਲਾਂਕਣ ਦਾ ਮਕਸਦ।
3. ਲੋੜ ਦਾ ਸਰੋਤ।

ਜੇ ਜਾਣਕਾਰੀ ਉਪਲਬਧ ਹੈ, ਤਾਂ LEAs ਅਤੇ ਸਕੂਲਾਂ ਨੂੰ ਲਾਜ਼ਮੀ ਤੌਰ 'ਤੇ ਮੁਹੱਈਆ ਕਰਨੀ ਚਾਹੀਦੀ ਹੈ (ਆਪਣੀਆਂ ਵੈੱਬਸਾਈਟਾਂ 'ਤੇ ਪੋਸਟ ਕਰਨ ਸਮੇਤ):

- ✓ ਉਮੀਦ ਕੀਤੀ ਜਾਂਦੀ ਸਮਾਂ ਮਿਆਦ ਅਤੇ ਮੁਲਾਂਕਣਾਂ ਦਾ ਕਾਰਜਕ੍ਰਮ।
- ✓ ਨਤੀਜੇ ਦੇਣ ਦਾ ਸਮਾਂ ਅਤੇ ਫਾਰਮੇਟ।

## ਮੁਲਾਂਕਣਾਂ ਬਾਰੇ ਸੂਬੇ ਜਾਂ LEA ਨੀਤੀ-ਵਿਦਿਆਰਥੀ ਦੀ ਭਾਗੀਦਾਰੀ ਬਾਰੇ ਜਾਣਕਾਰੀ

ਹਰੇਕ ਸਕੂਲੀ ਵਰ੍ਹੇ ਦੇ ਸ਼ੁਰੂ ਵਿੱਚ, LEA ਦੁਆਰਾ ਮਾਤਾ/ਪਿਤਾ ਨੂੰ ਇਹ ਜ਼ਰੂਰ ਸੂਚਿਤ ਕੀਤਾ ਜਾਣਾ ਚਾਹੀਦਾ ਹੈ ਕਿ ਉਹ ਸੈਕਸ਼ਨ 1111(b)(2), ਅਤੇ ਸੂਬੇ ਜਾਂ LEA ਦੇ ਦੁਆਰਾ ਜ਼ਰੂਰੀ ਕੀਤੇ ਗਏ ਕਿਸੇ ਵੀ ਮੁਲਾਂਕਣਾਂ ਵਿੱਚ ਵਿਦਿਆਰਥੀ ਦੀ ਭਾਗੀਦਾਰੀ ਦੇ ਸਬੰਧ ਵਿੱਚ ਸੂਬੇ ਜਾਂ LEA ਦੀ ਨੀਤੀ ਜਾਣਕਾਰੀ ਮੰਗ ਸਕਦੇ ਹਨ (ਅਤੇ LEA ਇਹ ਮੁਹੱਈਆ ਕਰੇਗੀ)। ਜਾਣਕਾਰੀ ਵਿੱਚ ਲਾਜ਼ਮੀ ਤੌਰ 'ਤੇ ਬੱਚੇ ਨੂੰ ਅਜਿਹੇ ਮੁਲਾਂਕਣ ਤੋਂ ਬਾਹਰ ਕਰਨ ਦੀ ਨੀਤੀ, ਪ੍ਰਕਿਰਿਆ, ਜਾਂ ਮਾਪਿਆਂ ਦਾ ਹੱਕ ਜ਼ਰੂਰ ਦੱਸਿਆ ਜਾਣਾ ਚਾਹੀਦਾ ਹੈ, ਜਿੱਥੇ ਲਾਗੂ ਹੁੰਦਾ ਹੋਵੇ। [ESSA ਸੈਕਸ਼ਨ 1112 (e)(2)(A)]

**ਸੂਬੇ ਦੀ ਟੈਸਟਿੰਗ ਦੀ ਲੋੜ ਕਿਉਂ ਹੁੰਦੀ ਹੈ?** ਸੂਬੇ ਭਰ ਵਿੱਚ ਸਕੂਲ ਡਿਸਟ੍ਰਿਕਟਾਂ ਅਤੇ ਭਾਈਚਾਰੇ ਵੱਖ-ਵੱਖ ਹਨ। ਪਰਿਵਾਰਾਂ ਨੂੰ ਇਹ ਜਾਣਨ ਦਾ ਹੱਕ ਹੈ ਉਹਨਾਂ ਦਾ ਬੱਚਾ ਕਾਲਜ ਅਤੇ ਕਰੀਅਰ ਦੀ ਤਿਆਰੀ ਵੱਲ ਕਿਵੇਂ ਅੱਗੇ ਵੱਧ ਰਿਹਾ ਹੈ। ਡਿਸਟ੍ਰਿਕਟਾਂ ਨੂੰ ਇਹ ਜਾਣਨ ਦੀ ਲੋੜ ਹੈ ਕਿ ਕੀਸੂਬੇ ਦੀ ਪੜ੍ਹਾਈ ਦੇ ਮਿਆਰ ਪੂਰੇ ਕਰਨ ਲਈ ਵਿਦਿਆਰਥੀਆਂ ਨੂੰ ਪੜ੍ਹਾਉਣ ਵਾਸਤੇ ਉਹਨਾਂ ਦੁਆਰਾ ਚੁਣਿਆ ਗਿਆ ਪਾਠਕ੍ਰਮ ਕੰਮ ਕਰ ਰਿਹਾ ਹੈ, ਜਾਂ ਕੀ ਉਹਨਾਂ ਨੂੰ ਵਿਵਸਥਾਵਾਂ ਕਰਨੀਆਂ ਚਾਹੀਦੀਆਂ ਹਨ।

ਸੂਬੇ ਦੀ ਟੈਸਟਿੰਗ ਦੀ ਲੋੜ ਸੂਬੇ ਦੇ ਕਾਨੂੰਨ (RCW 28A.230.095) ਅਤੇ ਸੰਘੀ ਕਾਨੂੰਨ (Elementary and Secondary Education Act). ਦੇ ਅਨੁਸਾਰ ਹੈ। ਮੁਲਾਂਕਣ ਦੇ ਅਕਸਰ ਪੁੱਛੇ ਜਾਂਦੇ ਪ੍ਰਸ਼ਨਾਂ ਦੀ ਵੈੱਬਸਾਈਟ 'ਤੇ ਹੋਰ ਜਾਣੋ ਕਿ ਟੈਸਟ ਦੀ ਲੋੜ ਕਿਉਂ ਹੈ :
www.k12.wa.us/assessment/StateTesting/FAQ.aspx